

The Department of Computer Science Government College Derabassi organized a seminar on M-Learning. The resourse person Prof. Sudhir Kumar Sharma, Assistant Professor, GCG 42, shared valuable information with the students' .the interaction was very smooth and interesting .Mr.Sudhir also answered the queries of the students.








Cloud: A Boom in the M-learning
PeopleLink
e-Podium
www.peoplelink.in



Carrier Guidance Counselling and Placement Cell Govt. College Dera Bassi.

Today dated 18th March 2021.... PCS Sandeep Kumar Employement Officer and Sh. Manjesh Sharma Deputy CEO Deliverd an awareness lecture on the various schemes run by the punjab govt regarding jobs, training etc which are free of cost and invited the students to their office ie DBEE.... DC office Mohali.

Placement Committee

Principal
Govt. College
Dera Bassi (S.A.S Nagar)



**2Nov.,2022-Computer Science Department organized One day seminar**







**21 June 2023 Celebrating Yoga Day**



**27 june 2023 , NSS Unit organised rally on topic Drug Addicition**

ਪੰਜਾਬ ਟਾਇਮਜ਼
Leading Punjabi daily newspaper

# ਸਰਕਾਰੀ ਕਾਲਜ ਡੇਰਾਬੱਸੀ ਵਿਖੇ 'ਨਸ਼ਾ ਮੁਕਤੀ ਅਭਿਆਨ'




ਪੰਜਾਬ ਟਾਇਮਜ਼ | ਵਿਸ਼ੇਸ਼

ਡੇਰਾਬੱਸੀ, 26 ਜੂਨ (ਸ਼ਾਮ ਸਿੰਘ ਸੰਧੂ)- ਸਰਕਾਰੀ ਕਾਲਜ ਡੇਰਾਬੱਸੀ ਦੇ ਐੱਨ.ਐੱਸ.ਐੱਸ.ਵਿਭਾਗ ਵੱਲੋਂ ਕਾਲਜ ਦੇ ਪ੍ਰਿੰਸੀਪਲ ਸ੍ਰੀਮਤੀ ਕਾਮਨਾ ਗੁਪਤਾ ਦੀ ਸਰਪ੍ਰਸਤੀ ਹੇਠ 'ਨਸ਼ਾ ਮੁਕਤੀ ਅਭਿਆਨ' ਤਹਿਤ ਇਕ ਜਾਗਰੂਕਤਾ ਰੈਲੀ ਕੱਢੀ ਗਈ। ਇਸ ਰੈਲੀ ਵਿੱਚ ਵਿਦਿਆਰਥੀਆਂ ਨੇ ਨਸ਼ਿਆਂ ਦੀ ਵਰਤੋਂ ਵਿਰੁੱਧ ਬਣਾਏ ਪੋਸਟਰਾਂ ਨੂੰ ਪ੍ਰਦਰਸ਼ਿਤ ਕੀਤਾ ਅਤੇ ਨਸ਼ਿਆਂ ਦੀ ਵਰਤੋਂ ਵਿਰੁੱਧ ਨਾਅਰੇ ਲਗਾਉਂਦੇ ਹੋਏ ਜਾਗਰੂਕਤਾ ਰੈਲੀ ਵਿੱਚ ਵੱਧ ਚੜ ਕੇ ਭਾਗ ਲਿਆ। ਇਸ ਮੌਕੇ ਡਾ. ਸੁਜਾਤਾ ਕੌਸ਼ਲ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਦੁਰਪ੍ਰਭਾਵ ਬਾਰੇ ਦੱਸਦੇ ਹੋਏ ਸਿਹਤਮੰਦ ਜੀਵਨ ਲਈ ਇਨ੍ਹਾਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਵਿਦਿਆਰਥੀਆਂ ਨੇ ਨਸ਼ਿਆਂ ਤੋਂ ਦੂਰ ਰਹਿਣ ਦੀ ਸਹੁੰ ਵੀ ਚੁੱਕੀ। ਇਸ ਰੈਲੀ ਦੌਰਾਨ ਪ੍ਰੋ. ਰਵਿੰਦਰ ਸਿੰਘ, ਪ੍ਰੋ. ਬੋਮਿੰਦਰ ਕੌਰ ਅਤੇ ਵਿਦਿਆਰਥੀ ਹਾਜ਼ਰ ਸਨ।

Main Edition
Jun 27, 2023 Page No. 13

**Govt College Derabassi organsied Blood donation Camp on 14 june 2023 by NSS Unit**

# ਭਾਰਤ ਵਿਕਾਸ ਪ੍ਰੀਸ਼ਦ ਨੇ ਸਰਕਾਰੀ ਕਾਲਜ ਦੇ ਸਹਿਯੋਗ ਨਾਲ ਲਾਏ ਕੈਂਪ ਦੌਰਾਨ 58 ਲੋਕਾਂ ਨੇ ਕੀਤਾ ਖ਼ੂਨਦਾਨ

**ਖੂਨਦਾਨ ਲਈ ਕਰੋ ਅਭਿਆਨ ਖੂਨ ਦਾਨ ਕਰਕੇ ਬਚਾਉ ਜਾਨ : ਪਰਮਜੀਤ ਰੰਮੀ ਸੈਣੀ**



ਡੇਰਾਬੱਸੀ, 14 ਜੂਨ (ਅਤਰ ਸਿੰਘ)

ਭਾਰਤ ਵਿਕਾਸ ਪਰਿਸ਼ਦ ਡੇਰਾਬੱਸੀ ਨੇ ਸਰਕਾਰੀ ਕਾਲਜ ਅਤੇ ਐਨ.ਐਸ.ਐਸ (ਯੂਨਿਟ) ਦੇ ਸਹਿਯੋਗ ਨਾਲ ਸਰਕਾਰੀ ਕਾਲਜ ਡੇਰਾਬੱਸੀ ਵਿੱਖੇ ਖੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਪ੍ਰੀਸ਼ਦ ਦੇ ਪ੍ਰੇਸ ਸੈਕਟਰੀ ਅਤੇ ਸਮਾਜ ਸੇਵੀ ਪਰਮਜੀਤ ਰੰਮੀ ਸੈਣੀ ਜੀ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਕੈਂਪ ਵਿੱਚ 58 ਯੂਨਿਟ ਖੂਨ ਇਕੱਤਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਮਹਾਨ ਸੇਵਾ ਦਾ ਆਰੰਭ ਭਗਵਾਨ ਸਿੰਘ ਜੀ ਦੀ ਅਗਵਾਈ ਹੇਠ ਥਿਏਟਰ ਗਰੁੱਪ ਦੇ ਨਾਟਕ 'ਆਖਰ ਕੌਣ ਦਉਗਾ ਬਲੱਡ' ਰਾਹੀਂ ਕੀਤਾ ਗਿਆ। ਇਸ ਮੌਕੇ ਸਰਕਾਰੀ ਕਾਲਜ ਦੇ ਪ੍ਰਿੰਸੀਪਲ ਸ੍ਰੀ ਮਤੀ ਕਾਮਨਾ ਗੁਪਤਾ ਨੇ ਕਿਹਾ ਕਿ ਹਰ ਇਨਸਾਨ ਨੂੰ ਸੇਵਾ ਨੂੰ ਆਪਣੇ ਜੀਵਨ ਦਾ ਮੂਲ ਬਣਾਉਣਾ ਚਾਹੀਦਾ ਹੈ ਉਹ ਸੇਵਾ ਫਿਰ ਕਿਸੇ ਵੀ ਤਰਾਂ ਕੀਤੀ ਜਾ ਸਕਦੀ ਹੈ। ਮਨੁੱਖ ਦੀ ਮਨੁੱਖ ਲਈ ਕਿੱਤੀ ਗਈ ਸੇਵਾ ਹਮੇਸ਼ਾ ਕਿਸੇ ਵੀ ਰੂਪ ਵਿੱਚ ਹਮੇਸ਼ਾ ਕਾਰਗਾਰ ਸਿੱਧ ਹੁੰਦੀ ਹੈ। ਅਗਰ ਜਨ ਸੇਵਾ ਕਰਨੀ ਹੋਵੇ ਤਾਂ ਖੂਨਦਾਨ ਹੀ ਇੱਕ ਉਤੱਮ ਸੇਵਾ ਹੈ। ਖੂਨ ਦਾਨ ਕਰੋ ਤੇ ਜੀਵਨ ਦਾ ਕਲਿਆਣ ਕਰੋ। ਇਸ ਮੌਕੇ ਪ੍ਰੀਸ਼ਦ ਦੇ ਪ੍ਰੇਸ ਸੈਕਟਰੀ ਪਰਮਜੀਤ ਰੰਮੀ ਸੈਣੀ ਨੇ ਸਭ ਮਨੁੱਖ ਲਈ ਇੱਕ ਸੰਦੇਸ਼ ਦਿੱਤਾ ਕਿ ਖੂਨਦਾਨ ਲਈ ਕਰੋ ਅਭਿਆਨ ਖੂਨਦਾਨ ਕਰਕੇ ਬਚਾਉ ਜਾਨ । ਖੂਨ ਦਾ ਇੱਕ ਕਤਰਾ ਵੀ ਕਿਸੇ ਜਰੂਰਤਮੰਦ ਦੀ ਜਾਨ ਬਚਾ ਸਕਦਾ ਹੈ ਸੋ ਸਾਨੂੰ ਵੱਧ ਤੋਂ ਵੱਧ ਖੂਨ ਦਾਨ ਕਰਨਾ ਚਾਹੀਦਾ ਹੈ। ਜਿਸ ਤਰਾਂ ਨਵੇਂ ਪੌਦੇ ਨੂੰ ਲਗਾਉਣ ਲਈ ਜਮੀਨ ਨੂੰ ਖਾਲੀ ਕਰਕੇ ਉਸ ਲਈ ਤਿਆਰ ਕਰਨਾ ਕਾਰਗਰ ਸਿੱਧ ਹੁੰਦਾ ਹੈ ਅਤੇ ਇਸ ਤੋਂ ਚੰਗੀ ਫਸਲ ਮਿਲਦੀ ਹੈ ਉਸੇ ਤਰਾਂ ਸਰੀਰ ਨੂੰ ਬਿਮਾਰੀਆਂ ਤੋਂ ਬਚਾ ਕੇ ਰੱਖਣ ਲਈ ਖੂਨ ਦਾਨ ਕਰਨ ਜਰੂਰੀ ਹੈ ਤਾਂ ਜੋ ਨਵਾਂ ਖੂਨ ਸਰੀਰ ਅੰਦਰ ਬਣ ਸਕੇ ਅਤੇ ਮਨੁੱਖ ਭਿਆਨਕ ਬਿਮਾਰਿਆਂ ਤੋਂ ਬੱਚ ਸਕੇ। ਇਸ ਮੌਕੇ ਪ੍ਰੀਸ਼ਦ ਦੇ ਪ੍ਰਧਾਨ ਉਪੇਸ ਬੰਸਲ,ਸਕੱਤਰ ਬਰਖਾ ਰਾਮ, ਕੈਸ਼ੀਅਰ ਨਿਤੀਨ ਜਿੰਦਲ, ਸੁਸੀਲ ਵਿਆਸ, ਸਾਬਕਾ ਪ੍ਰਿੰਸੀਪਲ ਸਰਕਾਰੀ ਕਾਲਜ ਡਾ. ਸ੍ਰੀ ਮਤੀ ਸਾਧਨਾ ਸੰਗਰ,ਵਾਇਸ ਪ੍ਰਿੰਸੀਪਲ ਸਰਕਾਰੀ ਕਾਲਜ ਸ੍ਰੀ ਮਤੀ ਸੁਜਾਤਾ ਕੌਸ਼ਿਕ,ਪ੍ਰੋਫੈਸਰ ਰਵਿੰਦਰ ਜੀਤ, ਪ੍ਰੋਫੈਸਰ ਸ੍ਰੀ ਮਤੀ ਬੋਮਿੰਦਰ ਕੌਰ, ਡਾ. ਅਮਰਜੀਤ ਕੌਰ ਕੋਆਰਡੀਨੇਟਰ ਸ੍ਰੀ ਸੁਰਿੰਦਰ ਅਰੋੜਾ, ਨਰੇਸ਼ ਮਲਹੋਤਰਾ,ਪ੍ਰੋਜੈਕਟ ਚੇਅਰਮੈਨ ਕ੍ਰਿਸ਼ਨ ਲਾਲ ਉਪਨੇਜਾ, ਹਰਿੰਦਰ ਮੋਹਨ ਸ਼ਰਮਾ, ਰਮੇਸ਼ ਮਹਿੰਦਰੂ, ਕਰਮ ਚੰਦ, ਪ੍ਰਧਾਨ ਲਾਇਸ ਕਲੱਬ ਬਲਕਾਰ ਸਿੰਘ, ਮਿਸ ਸੁਮਨ ਹਾਜਰ ਸਨ।




Workshop regarding "CA course and Income Tax,GST Online returns" by Commerce Department .



बीएससी नर्सिंग तृतीय सेमेस्टर की छात्रा ने दुनिया भर में स्टाफ के प्रयासों की सराहना की। छात्र ने उत्साहपूर्वक भाग लिया और कलाकार

## सरकारी कॉलेज में वॉयस मॉड्यूलेशन विषय पर वर्कशॉप आयोजित

डेराबस्सी (दयानंद/ शिवम) सरकारी कॉलेज डेराबस्सी में प्रिंसिपाल श्रीमती कामना गुप्ता जी के नेतृत्व मे विधार्थियों के लिए वॉयस मॉड्यूलेशन विषय पर वर्कशॉप का आयोजन किया। वर्कशॉप का उद्देश्य स्टूडेंट्स को एंकरिंग, वॉइस-ओवर और डबिंग जैसे विभिन्न कैरियर अवसरों के बारे में बताना और उन्हें करियर चुनने के लिए प्रोत्साहित करना रहा। यह वर्कशॉप पंजाब सरकार द्वारा छात्रों को रोजगार हेतु चलाई मुहिम के अधीन कॉलेज के अंग्रेजी विभाग द्वारा कराई गयी।

आवाज मॉडुलन विशेषज्ञ और ब्रांड आर्ट की डायरेक्टर (कंसल्टेंसी) कमलदीप कौर ने इस वर्कशॉप मे रिसोर्स पर्सन के रूप मे भाग लिया। कमलदीप कौर को जी-ईटीसी पंजाबी और एम एच 1 सहित विभिन्न चैनलों में काम करने का अनुभव है। उन्होंने दुबई अंतर्राष्ट्रीय हवाई अड्डे पर पंजाबी में की जाने वाली घोषणा को भी अपनी आवाज़ दी है। कार्यशाला में 100 से अधिक विद्यार्थियों ने भाग लिया। वर्कशॉप का उद्घाटन कॉलेज की वाइस प्रिंसिपल डॉ. सुजाता कौशल जी ने किया। वर्कशॉप के दौरान, कमलदीप कौर ने छात्रों के साथ अपने व्यापक ज्ञान को साझा किया। वॉइस ट्रेनिंग के महत्व को समझाते हुए उन्होंने बताया कि विद्यार्थी अपनी आवाज को किस प्रकार करियर के रूप मे उपयोग कर सकते हैं। उन्होंने वॉयस ओवर, एंकरिंग और डबिंग सहित विभिन्न प्रकार के वॉयस मॉड्यूलेशन पर चर्चा की और छात्रों को उनकी आवाज की गुणवत्ता और स्पष्टता में सुधार के लिए विभिन्न तकनीकों के बारे में बताया। कमलदीप कौर ने इस क्षेत्र में एक पेशेवर बनने के लिए उपयोग किये जाने वाले विभिन्न प्रकार के उपकरणों पर भी चर्चा की। उन्होंने कहा कि अपनी आवाज की गुणवत्ता की पहचान कर पेशेवर रास्ता चुना जा सकता है। कॉलेज के विधार्थियों ने कमलदीप से लाइव सेशन में सवाल-जवाब भी किए।

अंग्रेजी विभाग की प्रमुख श्रीमती सविता गुप्ता ने कहा कि वर्कशॉप पंजाब सरकार द्वारा स्टूडेंट्स को करियर गाइडेंस देने की दिशा में गवर्नमेंट कॉलेज, डेराबस्सी की पहल का हिस्सा है। इस दौरान कॉलेज की प्रिंसिपल श्रीमती कामना गुप्ता, डॉ. नवदीप कहोल असिस्टेंट प्रोफेसर (इंग्लिश), श्रीमती सलोनी असिस्टेंट प्रोफेसर (जियोग्राफी), डॉ. अमरजीत कौर असिस्टेंट प्रोफेसर (केमिस्ट्री), श्रीमती नवजोत कौर असिस्टेंट प्रोफेसर (फाइन आर्ट्स) सहित अन्य स्टाफ मेंबर्स भी उपस्थित रहे।

## कर्मचारियों की सेफ्टी को लेकर

## प्रदूषण नियंत्रण बोर्ड

Workshop regarding voice modulation by English Department







Workshop regarding "Calligraphy"By Fine Arts Department






# ਸਰਕਾਰੀ ਕਾਲਜ ਡੇਰਾਬੱਸੀ ਵਿਖੇ 2 ਰੋਜ਼ਾ 'ਪੰਜਾਬੀ ਅਤੇ ਹਿੰਦੀ ਅੱਖਰਕਾਰੀ ਵਰਕਸ਼ਾਪ'

ਪੰਜਾਬ ਟਾਇਮਜ਼ | ਵਿਸ਼ੇਸ਼

ਡੇਰਾਬੱਸੀ, 14 ਮਾਰਚ (ਸ਼ਾਮ ਸਿੰਘ ਸੰਧੂ)- ਸਰਕਾਰੀ ਕਾਲਜ ਡੇਰਾਬੱਸੀ ਵਿਖੇ ਪੰਜਾਬੀ ਵਿਭਾਗ ਅਤੇ ਕਾਲਜ ਲਾਇਬ੍ਰੇਰੀ ਵੱਲੋਂ ਸਾਂਝੇ ਤੌਰ 'ਤੇ ਕਾਲਜ ਵਿਖੇ 2 ਰੋਜ਼ਾ 'ਪੰਜਾਬੀ ਅਤੇ ਹਿੰਦੀ ਅੱਖਰਕਾਰੀ ਵਰਕਸ਼ਾਪ' ਲਗਵਾਈ ਗਈ। ਕਾਲਜ ਦੇ ਪ੍ਰਿੰਸੀਪਲ ਸ੍ਰੀਮਤੀ ਕਾਮਨਾ ਗੁਪਤਾ ਦੀ ਸਰਪ੍ਰਸਤੀ ਹੇਠ ਇਸ ਵਰਕਸ਼ਾਪ ਵਿਚ ਮਲਟੀ ਮੀਡੀਆ ਆਰਟਿਸਟ ਅਤੇ ਕੈਲੀਗ੍ਰਾਫ਼ਰ ਸ੍ਰੀਮਤੀ ਦਿਲਪ੍ਰੀਤ ਚਾਹਲ ਨੇ ਵਿਦਿਆਰਥੀਆਂ ਨੂੰ ਕੈਲੀਗਰਾਫ਼ੀ ਦੀਆਂ ਕਲਾਤਮਕ ਬਾਰੀਕੀਆਂ ਸਿਖਾਈਆਂ। ਵਰਕਸ਼ਾਪ ਦੀ ਸ਼ੁਰੂਆਤ ਵਿਚ ਵਾਈਸ ਪ੍ਰਿੰਸੀਪਲ ਸ੍ਰੀਮਤੀ ਸੁਜਾਤਾ ਕੌਸ਼ਲ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਇਹ ਵਰਕਸ਼ਾਪ ਨਾ ਸਿਰਫ ਤੁਹਾਨੂੰ ਅੱਖਰਕਾਰੀ ਦੀ ਕਲਾ ਨਾਲ ਜੋੜੇਗੀ ਅਤੇ ਤੁਹਾਡੇ ਵਿਚ ਹੁਨਰ ਪੈਦਾ ਕਰੇਗੀ ਬਲਕਿ ਤੁਹਾਡੀ ਸਖਸ਼ੀਅਤ ਵਿਚ ਵੀ ਨਿਖਾਰ ਲਿਆਏਗੀ। ਉਨ੍ਹਾਂ ਨੇ ਇਸ ਵਰਕਸ਼ਾਪ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ। ਸ੍ਰੀਮਤੀ ਭੁਪਿੰਦਰ ਕੌਰ ਨੇ ਕੈਲੀਗ੍ਰਾਫ਼ਰ ਦਿਲਪ੍ਰੀਤ ਚਾਹਲ ਦੀ ਵਿਦਿਆਰਥੀਆਂ ਨਾਲ ਜਾਣ ਪਛਾਣ ਕਰਵਾਈ। ਵਰਕਸ਼ਾਪ ਦੇ ਪਹਿਲੇ ਦਿਨ ਦਿਲਪ੍ਰੀਤ ਚਾਹਲ ਨੇ ਵਿਦਿਆਰਥੀਆਂ ਨੂੰ ਅੱਖਰਕਾਰੀ ਲਈ ਜ਼ਰੂਰੀ ਅਤੇ ਬੁਨਿਆਦੀ ਸਟਰੋਕਸ ਬਾਰੇ ਜਾਣਕਾਰੀ ਦਿੱਤੀ ਅਤੇ ਰੇਖਾਵਾਂ ਖਿੱਚਣ, ਅੱਖਰਾਂ ਦੀ ਬਣਤਰ ਬਣਾਉਣ ਦੀਆਂ ਬਾਰੀਕੀਆਂ ਸਿਖਾਈਆਂ ਅਤੇ ਅਭਿਆਸ ਵੀ ਕਰਵਾਇਆ। ਉਨ੍ਹਾਂ ਨੇ ਦੱਸਿਆ ਕਿ ਹੱਥ ਲਿਖਤ ਸਾਡੀ ਸਖਸ਼ੀਅਤ ਨੂੰ ਬਿਆਨ ਕਰਦੀ ਹੈ ਅਤੇ ਸਾਡੀ ਮਾਨਸਿਕਤਾ ਦਾ ਸ਼ੀਸ਼ਾ ਹੁੰਦੀ ਹੈ। ਇਸ ਲਈ ਅੱਖਰਕਾਰੀ ਦਾ ਅਭਿਆਸ ਸਾਡੀ ਮਾਨਸਿਕਤਾ ਨੂੰ ਸਬਰ, ਸੰਤੋਖ, ਠਰੰਮਾ ਅਤੇ ਸਕੂਨ ਬਖਸ਼ਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਅੱਖਰਕਾਰੀ ਵਿਚ ਮੁਹਾਰਤ ਹਾਸਲ ਕਰਕੇ ਅਧਿਆਪਨ, ਗ੍ਰਾਫ਼ਿਕ ਡਿਜ਼ਾਇਨਿੰਗ, ਕਾਰਡ ਡਿਜ਼ਾਇਨਿੰਗ, ਫੈਬਰਿਕ ਪ੍ਰਿੰਟਿੰਗ, ਟੈਟੂ ਮੇਕਿੰਗ ਆਦਿ ਖੇਤਰਾਂ ਵਿਚ ਰੁਜ਼ਗਾਰ ਪ੍ਰਾਪਤ ਕੀਤਾ ਜਾ ਸਕਦਾ ਹੈ। ਵਰਕਸ਼ਾਪ ਦੌਰਾਨ ਕਾਲਜ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

Main Edition
Mar 15, 2023 Page No. 13

Workshop regarding "Punjabi & Hindi Akhrkari"by Punjabi and hindi Department


ਪੰਜਾਬੀ
ਅੱਖਰਕਾਰੀ
ਵਰਕਸ਼ਾਪ
ਪੰਜਾਬੀ
ਅੱਖਰਕਾਰੀ
ਵਰਕਸ਼ਾਪ


PLEASE BE SILENT
GPS Map Camera
डेराबस्सी, पंजाब, भारत
HRGX+C7F, भगत सिंघ नगर, डेराबस्सी, पंजाब 140507, भारत
Lat 30.57605°
Long 76.847629°
11/03/23 01:16 PM GMT +05:30
Google

Workshop regarding "Beauty & wellness" By Fine Art Department






Workshop regarding placement cell by Music department



# Workshop regarding prospects in Television Production

## ਟੈਲੀਵੀਜ਼ਨ ਪ੍ਰੋਡਕਸ਼ਨ ਦੇ ਖੇਤਰ ਵਿਚ ਰੁਜ਼ਗਾਰ ਦੀਆਂ ਸੰਭਾਵਨਾਵਾਂ ਅਤੇ ਮੌਕਿਆਂ ਬਾਰੇ ਚਾਰ ਰੋਜ਼ਾ ਵਰਕਸ਼ਾਪ ਦੀ ਸ਼ੁਰੂਆਤ

ਫ਼ਤਿਹ ਐਕਸਪ੍ਰੈਸ ਅਖ਼ਬਾਰ
fatehexpressnews@gmaail.com
82609-00005

ਡੇਰਾਬਸੀ, ਮਾਰਚ 03 (ਸੁਖਵਿੰਦਰ ਸਿੰਘ ਸੁੱਖਾ) ਸਰਕਾਰੀ ਕਾਲਜ ਡੇਰਾਬੱਸੀ ਵਿਖੇ ਪ੍ਰਿੰਸੀਪਲ ਸ੍ਰੀਮਤੀ ਕਾਮਨਾ ਗੁਪਤਾ ਦੀ ਸਰਪ੍ਰਸਤੀ ਹੇਠ 'ਸਕੀਮ ਫ਼ਾਰ ਕਰੀਅਰ ਕਾਊਂਸਲਿੰਗ ਇਨ ਗੌਰਮਿੰਟ ਕਾਲਜਜ਼ ਆਫ਼ ਪੰਜਾਬ' ਅਧੀਨ ਟੈਲੀਵੀਜ਼ਨ ਪ੍ਰੋਡਕਸ਼ਨਜ਼ ਦੇ ਖੇਤਰ ਵਿਚ ਰੁਜ਼ਗਾਰ ਦੀਆਂ ਸੰਭਾਵਨਾਵਾਂ ਅਤੇ ਮੌਕਿਆਂ ਬਾਰੇ ਚਾਰ ਰੋਜ਼ਾ ਵਰਕਸ਼ਾਪ ਦੀ ਸ਼ੁਰੂਆਤ ਹੋਈ। ਇਹ ਵਰਕਸ਼ਾਪ ਅੱਜ ਦੇ ਸਮੇਂ ਵਿਚ ਐਂਕਰਿੰਗ, ਪ੍ਰੋਗਰਾਮ/ਇੰਟਰਵਿਊ ਮੇਜ਼ਬਾਨ, ਨਿਊਜ਼ ਰੀਡਰ, ਨਿਊਜ਼ ਰਿਪੋਰਟਰ, ਕੈਮਰਾਮੈਨ, ਵੀਡੀਓ ਨਿਰਦੇਸ਼ਕ, ਵੀਡੀਓ ਐਡੀਟਰ, ਗ੍ਰਾਫ਼ਿਕਸ ਡਿਜ਼ਾਇਨਰ ਆਦਿ ਦੇ ਖੇਤਰਾਂ ਵਿਚ ਰੁਜ਼ਗਾਰ ਪ੍ਰਾਪਤੀ ਲਈ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਦੇ ਉਦੇਸ਼ ਨਾਲ ਲਗਾਈ ਜਾ ਰਹੀ ਹੈ। ਵਰਕਸ਼ਾਪ ਦੇ ਪਹਿਲੇ ਦਿਨ ਦੇ ਮੁੱਖ ਮਹਿਮਾਨ ਅਤੇ ਬੁਲਾਰੇ ਸ੍ਰੀ ਆਗਿਆਪਾਲ ਸਿੰਘ ਰੰਧਾਵਾ ਅਤੇ ਵਿਸ਼ੇਸ਼ ਮਹਿਮਾਨ ਪਰਮਵੀਰ ਕੌਰ ਸਨ.ਪ੍ਰੋਗਰਾਮ ਦੇ ਆਰੰਭ ਵਿਚ ਵਾਈਸ ਪ੍ਰਿੰਸੀਪਲ ਡਾ. ਸੁਜਾਤਾ ਕੌਸ਼ਲ ਨੇ ਚਾਰ ਦਿਨਾਂ ਵਰਕਸ਼ਾਪ ਦੀ ਰੂਪ ਰੇਖਾ ਸੰਖੇਪ ਵਿਚ ਵਿਦਿਆਰਥੀਆਂ ਨਾਲ ਸਾਂਝੀ ਕੀਤੀ।



ਪ੍ਰਿੰਸੀਪਲ ਸ੍ਰੀਮਤੀ ਕਾਮਨਾ ਗੁਪਤਾ ਨੇ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਦਾ ਸੁਆਗਤ ਕਰਦਿਆਂ ਕਿਹਾ ਕਿ ਇਹ ਵਰਕਸ਼ਾਪ ਟੀਵੀ ਅਤੇ ਮੀਡੀਆ ਖੇਤਰਾਂ ਨੂੰ ਆਪਣੇ ਕਿੱਤੇ ਵਜੋਂ ਅਪਨਾਉਣ ਦੇ ਚਾਹਵਾਨ ਵਿਦਿਆਰਥੀਆਂ ਲਈ ਬੇਹੱਦ ਲਾਹੇਵੰਦ ਸਾਬਤ ਹੋਵੇਗੀ।

ਸ੍ਰੀ ਆਗਿਆਪਾਲ ਸਿੰਘ ਰੰਧਾਵਾ ਨੇ ਸ਼ੁਰੂਆਤ ਵਿਚ ਦੂਰਦਰਸ਼ਨ ਦੀ ਨੌਕਰੀ ਦੇ ਆਪਣੇ ਲੰਮੇ ਸਫ਼ਰ ਦੇ ਤਜਰਬੇ ਸਾਂਝੇ ਕਰਨ ਦੇ ਨਾਲ ਨਾਲ ਦੂਰਦਰਸ਼ਨ ਦੇ ਇਤਿਹਾਸ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਉਹਨਾਂ ਨੇ ਦੱਸਿਆ ਕਿ ਐਂਕਰ, ਪ੍ਰੋਗਰਾਮ ਪ੍ਰੋਡਿਊਸਰ, ਫਲੋਰ ਮੈਨੇਜਰ, ਫਲੋਰ ਅਸਿਸਟੈਂਟ, ਕੈਮਰਾਮੈਨ, ਐਡੀਟਰ, ਗ੍ਰਾਫ਼ਿਕਸ ਡਿਜ਼ਾਈਨਰ, ਸਕ੍ਰਿਪਟ ਰਾਈਟਰ ਆਦਿ ਵਿਚ ਰੁਜ਼ਗਾਰ ਪ੍ਰਾਪਤ ਕੀਤਾ ਜਾ ਸਕਦਾ ਹੈ।

ਇਸਦੇ ਨਾਲ ਹੀ ਉਹਨਾਂ ਨੇ ਕਿੱਤੇ ਵਜੋਂ ਇਕ ਵਧੀਆ ਐਂਕਰ ਬਣਨ ਲਈ ਮਹੱਤਵਪੂਰਨ ਨੁਕਤੇ ਸਾਂਝੇ ਕੀਤੇ। ਉਹਨਾਂ ਨੇ ਕਿਹਾ ਕਿ ਇਕ ਵਧੀਆ ਐਂਕਰ ਕੋਲ ਸਬੰਧਿਤ ਵਿਸ਼ੇ ਦੀ ਸਰਵਪੱਖੀ ਜਾਣਕਾਰੀ ਦੇ ਨਾਲ ਨਾਲ ਆਤਮਵਿਸ਼ਵਾਸ ਅਤੇ ਭਾਸ਼ਾ ਤੇ ਸ਼ਬਦ-ਚੋਣ ਉੱਪਰ ਮਜ਼ਬੂਤ ਪਕੜ ਹੋਣੀ ਜ਼ਰੂਰੀ ਹੈ।

ਉਹਨਾਂ ਨੇ ਇੰਟਰਵਿਊ ਲੈਣ ਦੀ ਕਲਾ ਦਾ ਵਿਦਿਆਰਥੀਆਂ ਨੂੰ ਅਭਿਆਸ ਵੀ ਕਰਵਾਇਆ ਅਤੇ ਹੋਰ ਵਿਸਥਾਰ ਨਾਲ ਸਮਝਾਉਣ ਲਈ ਦਸਤਾਵੇਜ਼ੀ ਫਿਲਮ ਵੀ ਵਿਖਾਈ। ਮੰਚ ਦਾ ਸੰਚਾਲਨ ਪ੍ਰੋ. ਰਵਿੰਦਰ ਸਿੰਘ ਅਤੇ ਡਾ. ਸੁਜਾਤਾ ਕੌਸ਼ਲ ਦੁਆਰਾ ਕੀਤਾ ਗਿਆ। ਵਰਕਸ਼ਾਪ ਵਿਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ।



Seminar regarding "Millets Nutrition Health benefits" by Home Science Department .

